# ਇਲੈੱਕਟ੍ਰੌਨਿਕ ਫ਼ਾਇਦਾ ਸਥਾਨਅੰਤਰਨ (ਈ.ਬੀ.ਟੀ.)
# ਬਾਰੇ ਅਤਿਰਿਕਤ ਜਾਣਕਾਰੀ

- ਜੇਕਰ ਤੁਸੀਂ ਕਿਸੇ ਹੋਰ ਕਾਉਂਟੀ 'ਚ ਜਾਂ ਰਾਜ ਤੋਂ ਬਾਹਰ ਜਾਂਦੇ ਹੋ ਅਤੇ ਉਸ ਕਾਉਂਟੀ ਜਾਂ ਰਾਜ 'ਚ ਫ਼ਾਇਦਿਆਂ ਲਈ ਅਰਜ਼ੀ ਦਿੰਦੇ ਹੋ, ਤਾਂ ਤੁਹਾਨੂੰ ਇੱਕ ਨਵਾਂ ਈ.ਬੀ.ਟੀ. ਕਾਰਡ ਪ੍ਰਾਪਤ ਹੋਵੇਗਾ। ਜੇਕਰ ਤੁਹਾਡੇ ਪੁਰਾਣੇ ਈ.ਬੀ.ਟੀ. ਕਾਰਡ 'ਚ ਫ਼ੂਡ ਸਟੈਂਪ ਫ਼ਾਇਦੇ ਬਾਕੀ ਹਨ, ਤਾਂ ਵੀ ਆਪਣੀ ਨਵੀਂ ਥਾਂ 'ਤੇ ਤੁਸੀਂ ਉਨ੍ਹਾਂ ਦੀ ਵਰਤੋਂ ਕਰ ਸਕੋਗੇ। ਕਿਰਪਾ ਕਰਕੇ ਛੇਤੀ ਤੋਂ ਛੇਤੀ ਆਪਣੇ ਪੁਰਾਣੇ ਕਾਰਡ ਦੇ ਬਾਕੀ ਸਭ ਫ਼ਾਇਦਿਆਂ ਦੀ ਵਰਤੋਂ ਕਰਨਾ ਨਾ ਭੁੱਲਣਾ।

- ਜੇਕਰ ਕੋਈ ਈ.ਬੀ.ਟੀ. ਸਿਸਟਮ ਤਰੁਟੀ ਹੁੰਦੀ ਹੈ ਅਤੇ ਤੁਹਾਡੇ ਖਾਤੇ 'ਚੋਂ ਗਲਤ ਸੰਖਿਆ ਲਈ ਜਾਂਦੀ ਹੈ, ਤਾਂ ਮੁਫ਼ਤ ਗਾਹਕ ਸੇਵਾ ਨੰਬਰ (1-877-328-9677) 'ਤੇ ਸੰਪਰਕ ਕਰੋ। ਤੁਹਾਡੇ ਦਾਹਵੇ ਦੀ ਪੜਚੋਲ ਕੀਤੀ ਜਾਵੇਗੀ ਅਤੇ, ਜੇਕਰ ਤੁਸੀਂ ਫ਼ੂਡ ਸਟੈਂਪ ਜਾਂ ਨਕਦ ਫ਼ਾਇਦਿਆਂ ਦੀ ਵਾਪਸੀ ਲਈ ਯੋਗ ਹੋਵੋ, ਤਾਂ ਤੁਹਾਡੇ ਖਾਤੇ 'ਚ ਉਹ ਸੰਖਿਆ ਜਮ੍ਹਾਂ ਕਰ ਦਿੱਤੀ ਜਾਵੇਗੀ। ਜੇਕਰ ਤੁਹਾਡੇ ਦਾਅਵੇ ਤੋਂ ਇੰਕਾਰ ਕੀਤਾ ਜਾਂਦਾ ਹੈ, ਤਾਂ ਤੁਹਾਨੂੰ ਆਪਣੇ ਸਥਾਨਕ ਭਲਾਈ ਦਫ਼ਤਰ 'ਚ ਇੱਕ ਰਾਜਕੀ ਸੁਣਵਾਈ ਦੀ ਮੰਗ ਕਰਨ ਦਾ ਅਧਿਕਾਰ ਹੈ।

- ਜੇਕਰ 180 ਦਿਨਾਂ ਤਕ ਤੁਸੀਂ ਆਪਣੇ ਫ਼ਾਇਦਿਆਂ ਦੀ ਵਰਤੋਂ ਨਹੀਂ ਕਰਦੇ, ਤਾਂ ਆਪਣੇ ਕਾਉਂਟੀ ਕਾਰਜਕਰਤਾ ਨੂੰ ਸੰਪਰਕ ਕਰਨ ਤਕ ਤੁਸੀਂ ਆਪਣੇ ਫ਼ਾਇਦਿਆਂ ਦੀ ਵਰਤੋਂ ਨਹੀਂ ਕਰ ਸਕੋਗੇ। ਜੇਕਰ ਅਤਿਰਿਕਤ 185 ਦਿਨ ਬੀਤ ਚੁੱਕੇ ਹਨ ਅਤੇ ਤੁਸੀਂ ਆਪਣੇ ਫ਼ਾਇਦਿਆਂ ਦੀ ਵਰਤੋਂ ਨਹੀਂ ਕੀਤੀ ਹੈ, ਤਾਂ ਹਰ ਮਹੀਨੇ ਤੁਹਾਡੇ ਖਾਤੇ 'ਚੋਂ ਤੁਹਾਡੇ ਫ਼ਾਇਦੇ ਹਟਾ ਦਿੱਤੇ ਜਾਣਗੇ। ਫ਼ੂਡ ਸਟੈਂਪ ਫ਼ਾਇਦੇ ਬਹਾਲ ਨਹੀਂ ਕੀਤੇ ਜਾਣਗੇ। ਜੇਕਰ ਤੁਸੀਂ ਆਪਣੇ ਕਾਉਂਟੀ ਕਾਰਜਕਰਤਾ ਨੂੰ ਕਾੱਲ ਕਰਦੇ ਹੋ ਤਾਂ ਤੁਹਾਡੇ ਨਕਦ ਫ਼ਾਇਦੇ ਬਹਾਲ ਕੀਤੇ ਜਾ ਸਕਦੇ ਹਨ।